**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**
**ਫੋਨ ਨੰਬਰ:0172-2212221, ਫੈਕਸ ਨੰ:0172-2212793**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਡਾਇਟ ਪ੍ਰਿੰਸੀਪਲ (ਵੈਬ ਸਾਈਟ ਰਾਹੀਂ)
ਸਮੂਹ ਸਕੂਲ ਮੁਖੀ
ਸਮੂਹ ਡੀ.ਐਮ (ਸਾਇੰਸ)
ਪੰਜਾਬ।

ਮੀਮੋ ਨੰ:1/52-2018 (ਟ੍ਰੇਨਿੰਗ)
ਮਿਤੀ: 17-07-2018

**ਵਿਸ਼ਾ: 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਵਿਗਿਆਨ' ਪ੍ਰੋਜੈਕਟ ਅਧੀਨ ਸਕੂਲਾਂ ਵਿੱਚ Science Activity Fair ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੁਆਰਾ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਵਿਗਿਆਨ' ਪ੍ਰੋਜੈਕਟ ਸਮੂਹ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਗਿਆਨ ਵਿਸ਼ੇ ਦੇ ਗੁਣਾਤਮਕ ਸੁਧਾਰ ਪੱਖੋਂ ਚਲਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਅਧੀਨ ਵਿਗਿਆਨ ਵਿਸ਼ੇ ਨਾਲ ਸਬੰਧਤ 6ਵੀਂ ਤੋਂ 10ਵੀਂ ਜਮਾਤ ਨੂੰ ਵਿਗਿਆਨ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ।

1.1 ਅੱਪਰ ਪ੍ਰਾਇਮਰੀ ਸਕੂਲਾਂ ਵਿੱਚ Baseline Evaluation ਦਾ ਕੰਮ ਮਈ ਮਹੀਨੇ ਵਿੱਚ ਹੋ ਚੁੱਕਿਆ ਹੈ। ਹਰ ਵਿਦਿਆਰਥੀ (6ਵੀਂ ਤੋਂ 10ਵੀਂ ਜਮਾਤ) ਦੀ Baseline Evaluation ਕੀਤੀ ਗਈ। ਵਰਣਨਯੋਗ ਹੈ ਕਿ Baseline Evaluation ਦੀ monitoring ਵੀ ਕੀਤੀ ਗਈ।

1.2 Baseline Evaluation ਤੋਂ ਬਾਅਦ ਸਿਲੇਬਸ ਦੇ ਅਨੁਸਾਰ ਹਰ ਪਾਠ 'ਤੇ ਅਧਾਰਿਤ Practice Sheets ਦੀ ਸਹਾਇਤਾ ਨਾਲ ਵਿਦਿਆਰਥੀਆਂ ਦੀ ਦੁਹਰਾਈ ਕਰਵਾਈ ਜਾ ਰਹੀ ਹੈ ਅਤੇ ਗਿਆਨ ਵਿੱਚ ਵਾਧਾ ਕੀਤਾ ਜਾ ਰਿਹਾ ਹੈ।

1.3 **ਇਸ ਪ੍ਰੋਜੈਕਟ ਦੇ ਅਗਲੇ ਪੜਾਅ ਵਿੱਚ ਮਿਤੀ 01-08-2018 ਤੋਂ 21-08-2018 ਤੱਕ ਸਮੂਹ ਸਰਕਾਰੀ ਸਕੂਲਾਂ ਵਿੱਚ Activity Fair ਲਗਾਇਆ ਜਾਣਾ ਹੈ। ਇਸ Fair ਵਿੱਚ 6ਵੀਂ ਤੋਂ 10ਵੀਂ ਜਮਾਤ ਤੱਕ ਦੀਆਂ Module ਵਿੱਚ ਦਰਜ ਕਿਰਿਆਵਾਂ ਦੀ ਪ੍ਰਦਰਸ਼ਨੀ ਵਿਦਿਆਰਥੀਆਂ ਵੱਲੋਂ ਲਗਾਈ ਜਾਣੀ ਹੈ। ਹਰ ਸਕੂਲ ਵਿੱਚ ਇਹ Activity Fair ਲਾਜ਼ਮੀ ਤੌਰ ਤੇ ਲਗਾਇਆ ਜਾਣਾ ਹੈ ਅਤੇ ਇਸ Activity Fair ਵਿੱਚ 6ਵੀਂ ਜਮਾਤ ਤੋਂ 10ਵੀਂ ਜਮਾਤ ਤੱਕ ਦੇ ਹਰੇਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ। ਜਿਸ ਨੂੰ ਜ਼ਿਲ੍ਹਾ/ਬਲਾਕ ਮੈਂਟਰਜ਼ ਵੱਲੋਂ monitor ਵੀ ਕੀਤਾ ਜਾਵੇਗਾ।**

1.4 **Activity** Fair ਦਾ ਸੰਪੂਰਣ Schedule ਜ਼ਿਲ੍ਹਾ ਮੈਂਟਰ ਦੁਆਰਾ ਡਾਇਟ ਦੀ ਸਹਾਇਤਾ ਨਾਲ ਜਾਰੀ ਕੀਤਾ ਜਾਵੇਗਾ। ਜਿਸ ਦਾ Micro plan ਵਿਭਾਗ ਵੱਲੋਂ ਭੇਜੀ Google sheet ਵਿੱਚ ਲਾਜ਼ਮੀ ਤੌਰ ਤੇ ਭਰਿਆ ਜਾਣਾ ਹੈ। ਪ੍ਰਤੀਦਿਨ ਇੱਕ ਬਲਾਕ ਮੈਂਟਰ ਵੱਲੋਂ ਦੋ ਸਕੂਲਾਂ ਦਾ Activity Fair plan ਕੀਤਾ ਜਾਵੇਗਾ ਅਤੇ Activity fair ਦੀ Monitoring ਵੀ ਕੀਤੀ ਜਾਵੇਗੀ।

1.5 ਜਿਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 350 ਤੋਂ ਜ਼ਿਆਦਾ ਹੋਵੇ, ਉਸ ਸਕੂਲ ਵਿੱਚ Activity Fair ਦੇ ਸਫ਼ਲ ਸੰਚਾਲਨ ਅਤੇ ਸਕਾਰਾਤਮਕ ਨਤੀਜੇ ਲਈ, Activity Fair 6ਵੀਂ ਤੋਂ 8ਵੀਂ ਜਮਾਤ ਲਈ ਇੱਕ ਦਿਨ ਅਤੇ 9ਵੀਂ ਤੋਂ 10ਵੀਂ ਲਈ ਇੱਕ ਦਿਨ ਭਾਵ ਕਿ ਲਗਾਤਾਰ ਦੋ ਦਿਨਾਂ ਵਿੱਚ ਲਗਵਾਇਆ ਜਾ ਸਕਦਾ ਹੈ।

1.6 **Fair** ਦੌਰਾਨ ਵਿਦਿਆਰਥੀਆਂ ਦੀ grouping ਇਸ ਪ੍ਰਕਾਰ ਕੀਤੀ ਜਾਵੇ:

- **6ਵੀਂ ਤੋਂ 8ਵੀਂ ਤੱਕ ਦੇ ਵਿਦਿਆਰਥੀਆਂ ਦੀ grouping:-** ਹਰੇਕ Activity ਲਈ ਵਿਦਿਆਰਥੀਆਂ ਦਾ ਗਰੁੱਪ ਬਣਾਉਣ ਵੇਲੇ ਇੱਕ ਵਿਦਿਆਰਥੀ ਪ੍ਰਤਿ ਜਮਾਤ ਚੁਣਿਆ ਜਾਵੇ।

- **9ਵੀਂ ਤੋਂ 10ਵੀਂ ਤੱਕ ਦੇ ਵਿਦਿਆਰਥੀਆਂ ਦੀ grouping:-** 9ਵੀਂ ਜਮਾਤ ਦੇ ਵਿਦਿਆਰਥੀ ਸਿਰਫ 9ਵੀਂ ਜਮਾਤ ਦੀ Activity ਹੀ ਅਤੇ ਇਸੇ ਤਰ੍ਹਾ 10ਵੀਂ ਜਮਾਤ ਦੇ ਵਿਦਿਆਰਥੀ ਸਿਰਫ 10ਵੀਂ ਜਮਾਤ ਦੀ Activity ਹੀ ਪ੍ਰਦਰਸ਼ਿਤ ਕਰਨਗੇ। ਅਧਿਆਪਕ ਵੱਲੋਂ ਵਿਦਿਆਰਥੀਆਂ ਦੀ ਗਿਣਤੀ ਅਤੇ ਸਹੂਲਤ ਅਨੁਸਾਰ ਇੱਕ ਜਾਂ ਦੋ ਵਿਦਿਆਰਥੀਆਂ ਨੂੰ ਇੱਕ Activity ਦਿੱਤੀ ਜਾ ਸਕਦੀ ਹੈ।
- ਅਧਿਆਪਕ ਵਿਦਿਆਰਥੀਆਂ ਦੀ ਲੋੜ ਅਨੁਸਾਰ ਜੇਕਰ ਜ਼ਰੂਰਤ ਹੋਵੇ ਤਾਂ ਇੱਕ ਜਾਂ ਦੋ ਦਿਨ Pre-Fair Activity ਕਰਵਾ ਸਕਦਾ ਹੈ। ਸਕੂਲ ਮੁਖੀ Pre-Fair Activity ਲਈ ਵਿਗਿਆਨ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕ ਅਤੇ ਦੁਸਰੇ ਵਿਸ਼ੇ (ਮੈਥ ਜਾਂ ਕੋਈ ਹੋਰ ਵਿਸ਼ਾ) ਨਾਲ ਸਬੰਧਤ ਅਧਿਆਪਕਾਂ ਦੀ ਇੱਕ ਟੀਮ ਬਣਾ ਕੇ Activity Fair ਤੋਂ ਪਹਿਲਾਂ ਇੱਕ ਜਾਂ ਦੋ ਦਿਨ ਲਗਾਤਾਰ ਕੋਈ ਤਿਨ ਪੀਰੀਅਡ ਦਾ ਸਮਾਂ ਨਿਸ਼ਚਿਤ ਕਰ ਸਕਦੇ ਹਨ।

1.7 ਇਸ Activity Fair ਦੌਰਾਨ ਅਧਿਆਪਕ ਵੱਲੋਂ Activity Fair ਵਿੱਚ 6ਵੀਂ ਤੋਂ 9ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ, ਉਨ੍ਹਾਂ ਦੀ SA-1 ਲਈ Practical Assessment ਵੀ ਕੀਤੀ ਜਾਵੇਗੀ ਅਤੇ ਇਸਦਾ ਰਿਕਾਰਡ ਵੀ maintain ਕੀਤਾ ਜਾਵੇ। Practical Assessment ਦੇ ਅੰਕਾਂ ਦੀ ਵੰਡ ਕਿ ਹੇਠ ਲਿਖੇ ਅਨੁਸਾਰ ਹੈ:

- **Apparatus setting - 03 marks**
- **Presentation skill - 10 marks**
- **Viva (By Teacher/DM/BM) - 05 marks**
- **Activity Notebook - 02 marks**

ਵਿਗਿਆਨ Activity Fair ਵਾਲੇ ਦਿਨ ਸਕੂਲ ਮੁਖੀ ਵੱਲੋਂ SMCs Members, ਵਿਦਿਆਰਥੀਆਂ ਦੇ ਮਾਪਿਆਂ ਅਤੇ ਪਤਵੰਤੇ ਸੱਜਣਾਂ ਨੂੰ ਸੱਦਿਆ ਜਾਵੇ ਅਤੇ ਉਹਨਾਂ ਦੀ Feedback ਲਈ ਜਾਵੇ।

1.8 Activity ਪ੍ਰਦਰਸ਼ਿਤ ਕਰ ਰਹੇ ਹਰੇਕ ਵਿਦਿਆਰਥੀ ਅਤੇ ਸਕੂਲ ਦੀ ਹੋਰ ਜਮਾਤਾਂ ਦੇ ਵਿਦਿਆਰਥੀਆਂ ਦੀ ਹਰੇਕ ਗਤੀਵਿਧੀ ਦੀ ਵਿਜ਼ਿਟ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ।

1.9 Activity Fair ਵਿੱਚ ਸਾਇੰਸ ਵਿਸ਼ੇ ਦੀਆਂ ਗਤੀਵਿਧੀਆਂ ਤੋਂ ਇਲਾਵਾ ਕੋਈ ਹੋਰ ਗਤੀਵਿਧੀ (ਰੰਗੋਲੀ, Cultural Activities ਆਦਿ) ਨਾ ਕੀਤੀ ਜਾਵੇ। ਇਹ ਯਕੀਨੀ ਬਣਾਇਆ ਜਾਵੇ ਕਿ Activity Fair ਸਾਦੇ ਢੰਗ ਨਾਲ ਕਰਵਾਇਆ ਜਾਵੇ ਤਾਂ ਜੋ ਇਸ Activity Fair ਦੇ ਅਸਲੀ ਉਦੇਸ਼ ਦੀ ਪ੍ਰਾਪਤੀ ਹੋ ਸਕੇ।

**2.0 Activity Fair ਦੌਰਾਨ Heat ਵਾਲੀਆਂ ਕਿਰਿਆਵਾਂ ਕਰਵਾਉਂਦੇ ਸਮੇਂ Double bench ਦੀ ਵਰਤੋਂ ਕੀਤੀ ਜਾਵੇ ਤਾਂ ਜੋ ਵਿਦਿਆਰਥੀ ਅਤੇ ਜਲਣਸ਼ੀਲ ਪਦਾਰਥ ਵਿੱਚ ਉਚਿਤ ਦੂਰੀ ਬਣੀ ਰਹੇ।**

- **Activity Fair ਸਮੇਂ ਜਲਣਸ਼ੀਲ ਪਦਾਰਥ ਨੇੜੇ ਪਾਣੀ ਦੀ ਅਤੇ ਰੇਤ ਦੀ ਭਰੀ ਬਾਲਟੀ ਦਾ ਪ੍ਰਬੰਧ ਹੋਵੇ ਅਤੇ ਉੱਥੇ ਕਿਸੇ ਹੋਰ ਵਿਸ਼ੇ ਨਾਲ ਸਬੰਧਤ ਇੱਕ ਜਾਂ ਦੋ ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਉਹ ਮੁਕੰਮਲ ਨਿਗਰਾਨੀ ਰੱਖ ਸਕਣ ਅਤੇ ਡਿਊਟੀ ਦਾ ਇੰਦਰਾਜ ਆਰਡਰ ਬੁੱਕ ਵਿੱਚ ਕੀਤਾ ਜਾਵੇ।**
- **Science Activity Fair ਦੀ ਤਿਆਰੀ ਅਤੇ ਸਮੁੱਚੇ ਪ੍ਰਬੰਧ ਦੀ ਜਿਮੇਵਾਰੀ ਸਕੂਲ ਮੁਖੀ ਦੀ ਹੋਵੇਗੀ।**

**ਡਾਇਰੈਕਟਰ**
**ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ: 17-07-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡੀ.ਪੀ.ਆਈ.(ਸੈ.ਸਿੱ.)।
3. ਡੀ.ਪੀ.ਆਈ. (ਐ.ਸਿੱ.)

**ਡਾਇਰੈਕਟਰ**
**ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**